# Building Safety Certificate

ਵਿਸ਼ਾ:- Building Safety Certificate for Holy Angel's Convent School, Bharatgarh, Rupnagar .

Holy Angel's Convent School, Bharatgarh, Rupnagar ਬਿਲਡਿੰਗ ਦਾ Er. Gurkirpal Singh, GIANT Group, Architectural Services, 650, Urban Estate, Phase-1, Jalandhar ਵੱਲੋਂ ਪੱਤਰ ਨੰ.STR/25/01 dated 03.05.2025 ਰਾਹੀਂ ਜਾਰੀ ਸਟੱਰਕਚਰ ਸਟੇਬਿਲਟੀ ਸਰਟੀਫਿਕੇਟ ਨੂੰ ਧਿਆਨ ਵਿੱਚ ਰੱਖਦੇ ਹੋਏ ਬਿਲਡਿੰਗ ਸੇਫਟੀ ਸਰਟੀਫਿਕੇਟ ਮਿਤੀ 31.03.2026 ਤੱਕ ਹੇਠ ਲਿਖੀਆਂ ਸ਼ਰਤਾਂ ਦੇ ਜਾਰੀ ਕੀਤਾ ਜਾਂਦਾ ਹੈ:-

1 ਨਿਰੀਖਣ ਤੋਂ ਬਾਅਦ ਜੇਕਰ ਸਕੂਲ ਮੁੱਖੀ ਵੱਲੋਂ ਨੱਥੀ ਪਲੈਨ ਵਿੱਚ ਦਰਸਾਈ ਗਈ ਬਿਲਡਿੰਗ ਦੇ ਸਟਰੱਕਚਰ ਵਿੱਚ ਕਿਸੇ ਵੀ ਕਿਸਮ ਦੀ ਤਬਦੀਲੀ ਕੀਤੀ ਜਾਂਦੀ ਹੈ ਜਾਂ ਨਵੀਂ ਉਸਾਰੀ ਕੀਤੀ ਜਾਂਦੀ ਹੈ ਤਾਂ ਬਿਲਡਿੰਗ ਦਾ ਸੇਫਟੀ ਸਰਟੀਫਿਕੇਟ ਰੱਦ ਸਮਝਿਆ ਜਾਵੇਗਾ।

2 ਜੇਕਰ ਕੋਈ ਕੁਦਰਤੀ ਆਫਤ ਕਾਰਨ ਜਾਂ ਕਿਸੇ ਵੀ ਕਾਰਨ ਬਿਲਡਿੰਗ ਨੂੰ ਨੁਕਸਾਨ ਹੁੰਦਾ ਹੈ ਤਾਂ ਵੀ ਸਕੂਲ ਮੁੱਖੀ ਨੂੰ ਤੁਰੰਤ ਇਸ ਦਫਤਰ ਨੂੰ ਸੂਚਿਤ ਕਰਨਾ ਪਵੇਗਾ ਤਾਂ ਜੋ ਬਣਦੀ ਕਾਰਵਾਈ ਕੀਤੀ ਜਾ ਸਕੇ।

3 ਇਸ ਬਿਲਡਿੰਗ ਦਾ ਫਾਇਰ ਸੇਫਟੀ ਸਰਟੀਫਿਕੇਟ, ਪੰਜਾਬ ਫਾਇਰ ਸਰਵਿਸਿਜ਼, ਰੂਪਨਗਰ ਵੱਲੋਂ ਉਹਨਾਂ ਦੇ ਨੰ. 1907-88420-Fire/68041 ਮਿਤੀ 22.05.2025 ਦੁਆਰਾ ਜਾਰੀ ਕੀਤਾ ਗਿਆ ਹੈ। ਫਾਇਰ ਸੇਫਟੀ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਅੱਗ ਬੁਝਾਊ ਯੰਤਰ ਤਸੱਲੀਬਖਸ਼ ਹੋਣੇ ਚਾਹੀਦੇ ਹਨ ਅਤੇ ਕਰਮਚਾਰੀ ਅੱਗ ਬਝਾਉਣ ਸਬੰਧੀ ਟਰੇਂਡ ਹੋਣੇ ਚਾਹੀਦੇ ਹਨ, ਇਸ ਨੂੰ ਯਕੀਨੀ ਬਣਾਇਆ ਜਾਵੇ।

4 ਉਕਤ ਕਿਸੇ ਵੀ ਹਾਲਤ ਵਿੱਚ ਜਾਂ ਹੋਰ ਕੋਈ ਕੁਦਰਤੀ/ਮਨੁੱਖੀ ਆਫਤਾਂ ਆਉਣ ਦੀ ਸੂਰਤ ਵਿੱਚ ਬਿਲਡਿੰਗ ਦੀ ਤੁਰੰਤ ਰੀ-ਇੰਸਪੈਕਸ਼ਨ ਕਰਾਉਣ ਦੀ ਨਿਰੋਲ ਜ਼ਿੰਮੇਵਾਰੀ ਕੇਵਲ ਬਿਨੈਕਾਰ ਦੀ ਹੋਵੇਗੀ ।

5 ਜੇਕਰ ਸਕੂਲ ਵੱਲੋਂ ਸੇਫਟੀ ਨਾਲ ਸਬੰਧਤ ਕਿਸੇ ਵੀ ਸ਼ਰਤ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਇਸ ਵਿਭਾਗ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਰੱਦ ਕਰ ਦਿੱਤਾ ਜਾਵੇਗਾ।

6 ਰੋਡ ਅਸੈਸ ਸਬੰਧੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਭਵਿੱਖ ਵਿੱਚ ਜੋ ਵੀ ਫੇਸਲਾ ਕੀਤਾ ਜਾਵੇਗਾ, ਉਸ ਨੂੰ ਇਹ ਸੰਸਥਾ ਮੰਨਣ ਦੀ ਪਾਬੰਦ ਹੋਵੇਗੀ।

7 ਜੇਕਰ ਬਿਲਡਿੰਗ ਉੱਪਰ ਹੋਰ ਮੰਜਿਲ ਦੀ ਉਸਾਰੀ ਕੀਤੀ ਜਾਂਦੀ ਹੈ ਤਾਂ ਉਸ ਬਿਲਡਿੰਗ ਦੀਆਂ ਹੇਠਲੀਆਂ ਮੰਜਿਲਾਂ ਵਿੱਚ ਜਮਾਤਾਂ ਨਾ ਲਗਾਈਆਂ ਜਾਣ।

8 ਇਹ ਸਰਟੀਫਿਕੇਟ ਕਿਸੇ ਵੀ ਲੀਗਲ ਕੇਸਾਂ ਲਈ ਪ੍ਰਮਾਣਿਤ ਨਹੀਂ ਹੋਵੇਗਾ।

9 ਇਹ ਸਰਟੀਫਿਕੇਟ ਕੇਵਲ Visual Inspection ਦੇ ਆਧਾਰ ਤੇ ਕੇਵਲ Structural Safety ਪੱਖੋਂ ਜਾਰੀ ਕੀਤਾ ਗਿਆ ਹੈ। ਇਸ ਵਿੱਚ ਕੋਈ ਬਿਜਲੀ, ਮਸ਼ੀਨਰੀ, Equipment ਆਦਿ ਬਾਬਤ ਇਸ ਦਫਤਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਉਪ ਮੰਡਲ ਇੰਜੀਨੀਅਰ,
ਪ੍ਰਾਂਤਕ ਉਪ ਮੰਡਲ, ਲੋ.ਨਿ.ਵਿ. ਭ ਤੇ ਸ਼ਾਖਾ,
ਰੂਪਨਗਰ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਲੋ.ਨਿ.ਵਿ. ਭ ਤੇ ਮ ਸ਼ਾਖਾ,
ਰੂਪਨਗਰ।